## ਅਕਸਰ ਪੁੱਛੇ ਜਾਣ ਵਾਲੇ ਸਵਾਲ: ਜੇਕਰ ਤੁਹਾਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਜਾਂ ਦੇਸ਼ ਨਿਕਾਲਾ ਦਿੱਤਾ ਗਿਆ ਹੈ ਤਾਂ ਆਪਣੀ ਤਨਖਾਹ ਕਿਵੇਂ ਪ੍ਰਾਪਤ ਕਰਨੀ ਹੈ

ਇਸ ਸਰੋਤ ਪੰਨੇ 'ਤੇ ਉਹਨਾਂ ਕਦਮਾਂ ਬਾਰੇ ਚਰਚਾ ਕੀਤੀ ਗਈ ਹੈ ਜਿਸ ਨਾਲ ਤੁਹਾਨੂੰ ਇਹ ਪਤਾ ਲੱਗੇਗਾ ਕਿ ਜੇਕਰ ਤੁਹਾਨੂੰ ICE ਦੁਆਰਾ ਹਿਰਾਸਤ ਵਿੱਚ ਲਿਆ ਜਾਂਦਾ ਹੈ ਜਾਂ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ/ਵਾਪਿਸ ਭੇਜਿਆ ਜਾਂਦਾ ਹੈ ਤਾਂ ਤੁਸੀਂ ਆਪਣੀ ਤਨਖਾਹ ਪ੍ਰਾਪਤ ਕਰਨ ਦੇ ਯੋਗ ਹੋ। ਜੇਕਰ ਤੁਸੀਂ ਕੈਲੀਫੋਰਨੀਆ ਦੇ ਕਰਮਚਾਰੀ ਹੋ, ਤਾਂ ਵਾਧੂ ਰਾਜ/ਸਟੇਟ ਦੇ ਕਾਨੂੰਨ ਹਨ ਅਤੇ ਕੈਲੀਫੋਰਨੀਆ ਲੇਬਰ ਕਮਿਸ਼ਨਰ ਦਾ ਦਫ਼ਤਰ ਤੁਹਾਡੀ ਵਧੇਰੇ ਮਦਦ ਕਰਨ ਦੇ ਯੋਗ ਹੋ ਸਕਦਾ ਹੈ। ਮੁਫ਼ਤ ਕਾਨੂੰਨੀ ਮਦਦ ਲਈ, ਏਸ਼ੀਅਨ ਲਾਅ ਕਾਕਸ ਨਾਲ 415-896-1701 ਤੇ ਸੰਪਰਕ ਕਰੋ।.

### 1. ਜੇਕਰ ਮੈਨੂੰ ਡਰ ਹੈ ਕਿ ਮੈਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਜਾਂ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ, ਤਾਂ ਮੈਨੂੰ ਪਹਿਲਾਂ ਤੋਂ ਹੀ ਕੀ ਕਰਨਾ ਚਾਹੀਦਾ ਹੈ ਤਾਂ ਜੋ ਮੈਨੂੰ ਆਪਣੀ ਆਖਰੀ ਤਨਖਾਹ ਮਿਲ ਸਕੇ?

ਕੁਝ ਕਦਮ ਹਨ ਜੋ ਕਿ ਤੁਸੀਂ ਹੁਣੇ ਚੁੱਕ ਸਕਦੇ ਹੋ, ਤਾਂ ਜੋ ਤੁਹਾਨੂੰ ਆਪਣੀ ਆਖਰੀ ਤਨਖਾਹ ਮਿਲ ਸਕੇ।

ਸਭ ਤੋਂ ਪਹਿਲਾਂ, ਆਪਣੇ ਸੁਪਰਵਾਈਜ਼ਰ ਜਾਂ ਮਾਲਕ ਨੂੰ ਪੁੱਛੋ ਕਿ ਕੀ ਕੋਈ ਖਾਸ ਨੀਤੀਆਂ ਹਨ ਜੋ ਕਿਸੇ ਹੋਰ ਨੂੰ ਤੁਹਾਡੀ ਤਨਖਾਹ ਦੇਣ ਦੀ ਇਜਾਜ਼ਤ ਦੇ ਸਕਦੀਆਂ ਹਨ (ਕਈ ਵਾਰ, ਇਸਨੂੰ ਤੀਜੀ-ਧਿਰ ਰਾਹੀਂ ਤਨਖਾਹ ਚੁੱਕਣਾ/ਲੈਣਾ ਕਿਹਾ ਜਾਂਦਾ ਹੈ)। ਉਦਾਹਰਣ ਵਜੋਂ, ਪਤਾ ਕਰੋ ਕਿ ਕੀ ਤੁਹਾਡੇ ਮਾਲਕ ਨੂੰ ਕਿਸੇ ਨੋਟਰੀ ਦੁਆਰਾ ਪ੍ਰਮਾਣਿਤ ਅਧਿਕਾਰਤ ਫਾਰਮ ਦੀ ਲੋੜ ਹੈ।

ਦੂਸਰਾ, ਪਹਿਲਾਂ ਤੋਂ ਹੀ ਯੋਜਨਾ ਬਣਾਓ ਅਤੇ ਆਪਣੇ ਮਾਲਕ ਦੀਆਂ ਨੀਤੀਆਂ ਅਨੁਸਾਰ ਲੋੜੀਂਦੇ ਸਾਰੇ ਜ਼ਰੂਰੀ ਕਦਮ ਪੂਰੇ ਕਰੋ। ਜੇਕਰ ਕੋਈ ਖਾਸ ਨੀਤੀਆਂ ਨਹੀਂ ਹਨ, ਅਤੇ ਕਿਸੇ ਐਮਰਜੈਂਸੀ 'ਚ ਤੁਹਾਨੂੰ ਅਜਿਹਾ ਕਰਨਾ ਪੈ ਸਕਦਾ ਹੈ ਤਾਂ ਤੁਸੀਂ ਆਪਣੇ ਮਾਲਕ ਨੂੰ ਦੱਸ ਸਕਦੇ ਹੋ ਕਿ ਤੁਹਾਡੀ ਤਨਖਾਹ ਕੌਣ ਲਵੇਗਾ/ਲੈਣ ਆ ਸਕਦਾ/ਸਕਦੀ ਹੈ। ਆਪਣੇ ਮਾਲਕ ਨੂੰ ਤੁਹਾਡਾ ਚੈੱਕ ਲੈਣ ਲਈ ਅਧਿਕਾਰਤ ਵਿਅਕਤੀ ਲਈ ਕੋਈ ਜ਼ਰੂਰੀ ਫਾਰਮ ਅਤੇ ਸੰਪਰਕ ਜਾਣਕਾਰੀ ਮੁਹਈਆ ਕਰਵਾਉ। ਜਾਂ ਜੇ ਤੁਸੀਂ ਚਾਹੋ ਤਾਂ ਆਪਣੇ ਮਾਲਕ ਨੂੰ ਤੁਹਾਡੀ ਆਖਰੀ ਤਨਖਾਹ/ਚੈੱਕ ਡਾਕ ਰਾਹੀਂ ਭੇਜਣ ਅਤੇ ਇੱਕ ਐਡਰੈੱਸ/ਪਤਾ ਲਿਖਣ ਲਈ ਕਹਿ ਸਕਦੇ ਹੋ।

ਸਾਡਾ ਸੁਝਾਅ ਹੈ ਕਿ ਇਹ ਸਾਰੀਆਂ ਬੇਨਤੀਆਂ ਲਿਖਤੀ ਰੂਪ ਵਿੱਚ ਹੋਣ। ਇਸ FAQ/ (**ਅਕਸਰ ਪੁੱਛੇ ਜਾਣ ਵਾਲੇ ਸਵਾਲਾਂ)** ਦੇ ਅਖੀਰ ਵਿੱਚ, ਤੁਹਾਨੂੰ ਨਮੂਨਾ/ਸੈਂਪਲ ਪੱਤਰ ਮਿਲਣਗੇ ਜੋ ਤੁਸੀਂ ਆਪਣੇ ਮਾਲਕ ਨੂੰ ਦੇ ਸਕਦੇ ਹੋ। ਪਹਿਲਾ ਨਮੂਨਾ ਪੱਤਰ ਬੇਨਤੀ ਕਰਦਾ ਹੈ ('ਚ ਦੱਸਿਆ ਗਿਆ ਹੈ) ਕਿ ਤਨਖਾਹ ਡਾਕ ਰਾਹੀਂ ਭੇਜੀ ਜਾਵੇ, ਅਤੇ ਦੂਜੇ ਪੱਤਰ 'ਚ ਦੱਸਿਆ ਗਿਆ ਹੈ ਕਿ ਇੱਕ ਅਧਿਕਾਰਤ ਵਿਅਕਤੀ ਤੁਹਾਡਾ ਚੈੱਕ ਲੈਣ ਲਈ ਆਵੇਗਾ/ਆਵੇਗੀ।

ਤੁਸੀਂ ਕਿਸੇ ਸਥਾਨਕ ਗੈਰ-ਮੁਨਾਫ਼ਾ ਸੰਸਥਾ (ਨਾਨ ਪ੍ਰੌਫਿਟ ਸੰਸਥਾ) ਨਾਲ ਵੀ ਸੰਪਰਕ ਕਰ ਸਕਦੇ ਹੋ ਜੋ ਕਿ ਤੁਹਾਨੂੰ ਪਾਵਰ ਆਫ਼ ਅਟਾਰਨੀ (ਵਕੀਲ) ਲੱਭਣ ਵਿੱਚ ਵੀ ਤੁਹਾਡੀ ਮਦਦ ਕਰ ਸਕਦੀ ਹੈ। ਇਹ ਤੁਹਾਡੇ ਕਿਸੇ ਜਾਣਕਾਰ/ਭਰੋਸੇਯੋਗ ਨੂੰ ਤੁਹਾਡੀ ਗੈਰ-ਹਾਜ਼ਰੀ ਵਿੱਚ ਵਿੱਤੀ (ਫਾਈਨੈਨਸ਼ਲ) ਫੈਸਲੇ ਲੈਣ ਦਾ ਅਧਿਕਾਰ ਦੇ ਸਕਦੀ ਹੈ। ਇਹ ਕਿਸੇ ਨੂੰ ਤੁਹਾਡੀ ਵੱਲੋਂ ਤੁਹਾਡੀ ਅਖੀਰਲੀ ਤਨਖਾਹ ਲੈਣ ਵਿੱਚ ਵੀ ਮਦਦ ਕਰ ਸਕਦੀ ਹੈ। ਇਹ ਯਕੀਨੀ ਬਣਾਉਣਾ ਜਰੂਰੀ ਹੈ ਕਿ ਤੁਹਾਡਾ ਪਾਵਰ ਆਫ਼ ਅਟਾਰਨੀ ਕੋਈ ਅਜਿਹਾ ਵਿਅਕਤੀ ਹੋਵੇ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋਵੋ।

## 2. ਜੇਕਰ ਮੈਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਜਾਂ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ ਤਾਂ ਮੈਂ ਆਪਣੀ ਆਖਰੀ ਤਨਖਾਹ ਕਿਵੇਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਜੇਕਰ ਤੁਹਾਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਜਾਂ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ, ਤਾਂ ਜਿੰਨੀ ਜਲਦੀ ਹੋ ਸਕੇ ਆਪਣੇ ਮਾਲਕ ਨਾਲ ਸੰਪਰਕ ਕਰੋ। ਆਪਣੇ ਮਾਲਕ ਨੂੰ ਤੁਹਾਨੂੰ ਹਿਰਾਸਤ ਵਿੱਚ ਲਏ ਜਾਣ ਬਾਰੇ ਜਾਂ ਦੇਸ਼ ਨਿਕਾਲਾ ਦਿੱਤੇ ਜਾਣ ਬਾਰੇ ਸੂਚਿਤ ਕਰੋ ਅਤੇ ਆਪਣੀ ਅਖੀਰਲੀ ਤਨਖਾਹ ਲੈਣ ਬਾਰੇ ਗੱਲ ਕਰੋ। ਜੇਕਰ ਤੁਸੀਂ ਆਪਣੇ ਮਾਲਕ ਨਾਲ ਨਿੱਜੀ ਤੌਰ 'ਤੇ ਸੰਪਰਕ ਕਰਨ ਵਿੱਚ ਅਸਮਰੱਥ ਹੋ, ਤਾਂ ਆਪਣੀ ਤਨਖਾਹ ਲੈਣ ਲਈ ਤੁਹਾਡੇ ਵੱਲੋਂ ਅਧਿਕਾਰਤ ਵਿਅਕਤੀ ਨੂੰ ਅਜਿਹਾ ਕਰਨ ਲਈ ਕਹੋ।

ਜੇਕਰ ਤੁਸੀਂ ਪਹਿਲਾਂ ਤੋਂ ਪ੍ਰਬੰਧ ਕਰਨ ਵਿੱਚ ਅਸਮਰੱਥ ਸੀ, ਤਾਂ ਤੁਹਾਡੇ ਮਾਲਕ ਨੂੰ ਤੁਹਾਡੇ ਵੱਲੋਂ ਕਿਸੇ ਨੂੰ ਤੁਹਾਡੀ ਤਨਖਾਹ ਪ੍ਰਾਪਤ ਕਰਨ ਲਈ ਅਧਿਕਾਰਤ ਕਰਨ ਦੀ ਲੋੜ ਪੈ ਸਕਦੀ ਹੈ। ਤੁਸੀਂ ਇਸ FAQ ਦੇ ਅਖੀਰ ਵਿੱਚ ਨਮੂਨਾ ਪੱਤਰਾਂ ਦੀ ਵਰਤੋਂ ਕਰਕੇ ਆਪਣੇ ਮਾਲਕ ਨੂੰ ਆਪਣੀ ਆਖਰੀ ਤਨਖਾਹ ਕਿਸੇ ਅਧਿਕਾਰਤ ਵਿਅਕਤੀ ਨੂੰ ਡਾਕ ਰਾਹੀਂ ਭੇਜਣ ਜਾਂ ਉਹਨਾਂ ਨੂੰ ਵਿਅਕਤੀਗਤ ਤੌਰ 'ਤੇ ਲੈਣ ਲਈ ਕਹਿ ਸਕਦੇ ਹੋ।

ਹੋ ਸਕਦਾ ਹੈ ਕਿ ਤੁਹਾਡੀ ਅਖੀਰਲੀ ਤਨਖਾਹ ਲੇਬਰ ਕਮਿਸ਼ਨਰ ਦੇ ਦਫ਼ਤਰ ਨੂੰ ਵੀ ਭੇਜੀ ਜਾ ਸਕਦੀ ਹੈ। ਕਈ ਵਾਰ, ਜਦੋਂ ਕਿਸੇ ਕਰਮਚਾਰੀ ਨਾਲ ਸੰਪਰਕ ਨਹੀਂ ਹੁੰਦਾ ਤਾਂ ਮਾਲਕ ਲੇਬਰ ਕਮਿਸ਼ਨਰ ਨੂੰ ਤਨਖਾਹ ਭੇਜ ਦਿੰਦਾ ਹੈ। ਲੇਬਰ ਕਮਿਸ਼ਨਰ ਲਈ ਸੰਪਰਕ ਜਾਣਕਾਰੀ ਇੱਥੇ ਮਿਲ ਸਕਦੀ ਹੈ।

## 3. ਕੈਲੀਫੋਰਨੀਆ ਵਿੱਚ ਤੁਹਾਡੇ ਮਾਲਕ ਨੂੰ ਤੁਹਾਡੀ ਆਖਰੀ ਤਨਖਾਹ ਕਿੰਨੀ ਦੇਰ ਤੱਕ ਦੇਣੀ ਪੈਂਦੀ ਹੈ?

ਕੈਲੀਫੋਰਨੀਆ ਵਿੱਚ, ਮਾਲਕਾਂ ਨੂੰ ਕੰਮ ਛੱਡ ਕੇ ਜਾ ਰਹੇ ਕਰਮਚਾਰੀ ਦੀ ਬਕਾਇਆ ਤਨਖ਼ਾਹ ਜਲਦੀ ਤੋਂ ਜਲਦੀ ਦੇਣੀ ਪੈਂਦੀ ਹੈ। ਆਮ ਤੌਰ 'ਤੇ, ਉਹਨਾਂ ਨੂੰ ਤੁਹਾਡੀ ਨੌਕਰੀ ਖਤਮ ਹੋਣ ਤੋਂ 72 ਘੰਟਿਆਂ ਬਾਅਦ ਤੁਹਾਡੀ ਤਨਖਾਹ ਦਾ ਭੁਗਤਾਨ ਕਰਨਾ ਪੈਂਦਾ ਹੈ—ਜਾਂ, ਜੇਕਰ ਮਾਲਕ ਤੁਹਾਨੂੰ ਨੌਕਰੀ ਤੋਂ ਕੱਢ ਦਿੰਦਾ ਹੈ, ਤਾਂ ਉਸੇ ਦਿਨ।

ਜੇਕਰ ਤੁਹਾਡਾ ਮਾਲਕ ਤੁਹਾਡੀ ਨੌਕਰੀ ਤੁਹਾਡੇ ਲਈ ਉਦੋਂ ਵੀ ਖੁੱਲ੍ਹੀ ਰੱਖ ਰਿਹਾ ਹੈ ਜਦੋਂ ਤੁਸੀਂ ਨਜ਼ਰਬੰਦ/ਹਿਰਾਸਤ 'ਚ ਹੋ, ਤਾਂ ਵੀ ਉਹਨਾਂ ਨੂੰ ਤੁਹਾਡੇ ਨਿਯਮਤ ਤਨਖਾਹ ਵਾਲੇ ਦਿਨ ਮੁਤਾਬਕ, ਕੰਮ ਕੀਤੇ ਕਿਸੇ ਵੀ ਘੰਟੇ ਲਈ ਤੁਹਾਨੂੰ ਭੁਗਤਾਨ ਕਰਨਾ ਹੋਵੇਗਾ।

ਜੇਕਰ ਤੁਹਾਡਾ ਮਾਲਕ ਤੁਹਾਨੂੰ ਕੈਲੀਫੋਰਨੀਆ ਦੇ ਕਾਨੂੰਨ ਮੁਤਾਬਕ ਲੋੜੀਂਦੀ ਸਮਾਂ-ਸੀਮਾ ਦੇ ਅੰਦਰ ਤਨਖਾਹ ਨਹੀਂ ਦਿੰਦਾ, ਤਾਂ ਤੁਸੀਂ "ਉਡੀਕ ਸਮਾਂ ਜੁਰਮਾਨਾ" ਵਸੂਲਣ ਦੇ ਯੋਗ ਹੋ ਸਕਦੇ ਹੋ। ਤੁਸੀਂ ਕੈਲੀਫੋਰਨੀਆ ਲੇਬਰ ਕਮਿਸ਼ਨਰ ਦਫ਼ਤਰ ਵਿੱਚ ਦਾਅਵਾ (ਕੇਸ/ਕਲੇਮ) ਦਾਇਰ ਕਰਕੇ ਇਸ ਜੁਰਮਾਨੇ ਦੀ ਵਸੂਲੀ ਕਰ ਸਕਦੇ ਹੋ। ਕੈਲੀਫੋਰਨੀਆ ਲੇਬਰ ਕਮਿਸ਼ਨਰ ਦਫ਼ਤਰ ਵਿੱਚ ਦਾਅਵਾ ਦਾਇਰ ਕਰਨ ਲਈ ਤੁਹਾਨੂੰ ਕਿਸੇ ਵਕੀਲ ਦੀ ਲੋੜ ਨਹੀਂ ਹੈ। ਦਾਅਵਾ ਦਾਇਰ ਕਰਨ ਬਾਰੇ ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ। ਉਡੀਕ ਸਮੇਂ ਦੇ ਜੁਰਮਾਨੇ ਵਸੂਲਣ ਲਈ ਦਾਅਵਾ ਦਾਇਰ ਕਰਨ ਲਈ ਤੁਹਾਡੇ ਕੋਲ ਤਿੰਨ ਸਾਲ ਦਾ ਸਮਾਂ ਹੁੰਦਾ ਹੈ।

### 4. ਜੇਕਰ ਮੇਰਾ ਮਾਲਕ ਮੇਰੀ ਆਖਰੀ ਤਨਖਾਹ ਦਾ ਸਹੀ (ਪੂਰੀ/ਠੀਕ) ਭੁਗਤਾਨ ਨਹੀਂ ਕਰਦਾ ਤਾਂ ਕੀ ਹੋਵੇਗਾ?

ਤੁਹਾਡੇ ਮਾਲਕ ਨੂੰ ਕਾਨੂੰਨੀ ਤੌਰ 'ਤੇ ਤੁਹਾਡੇ ਦੁਆਰਾ (ਕੀਤੇ ਹੋਏ ਕੰਮ ਦੀ) ਕਮਾਈ ਗਈ ਤਨਖਾਹ ਦਾ ਭੁਗਤਾਨ ਕਰਨਾ ਹੁੰਦਾ ਹੈ। ਜੇਕਰ ਤੁਹਾਡਾ ਮਾਲਕ ਤੁਹਾਡੇ ਬਕਾਇਆ (ਪੈਸੇ) ਤਨਖਾਹਾਂ ਦਾ ਭੁਗਤਾਨ ਕਰਨ ਤੋਂ ਮਨ੍ਹਾ ਕਰਦਾ ਹੈ, ਤਾਂ ਤੁਸੀਂ ਲੇਬਰ ਕਮਿਸ਼ਨਰ ਦੇ ਦਫ਼ਤਰ ਵਿੱਚ ਦਾਅਵਾ (ਕਲੇਮ) ਦਾਇਰ ਕਰ ਸਕਦੇ ਹੋ। ਤੁਹਾਨੂੰ ਕੈਲੀਫੋਰਨੀਆ ਲੇਬਰ ਕਮਿਸ਼ਨਰ ਦੇ ਦਫ਼ਤਰ ਵਿੱਚ ਦਾਅਵਾ ਦਾਇਰ ਕਰਨ ਲਈ ਕਿਸੇ ਵਕੀਲ ਦੀ ਲੋੜ ਨਹੀਂ ਹੈ। ਦਾਅਵਾ ਦਾਇਰ ਕਰਨ ਬਾਰੇ ਹੋਰ ਜਾਣਕਾਰੀ ਇੱਥੇ ਉਪਲਬਧ ਹੈ। ਤੁਹਾਡੇ ਕੋਲ ਆਮ ਤੌਰ 'ਤੇ ਆਪਣੀ ਅਦਾਇਗੀ ਨਾ ਹੋਣ ਵਾਲੀ ਤਨਖਾਹ ਲਈ ਦਾਅਵਾ ਦਾਇਰ ਕਰਨ ਲਈ ਤਿੰਨ ਸਾਲ ਦਾ ਸਮਾਂ ਹੁੰਦਾ ਹਨ।

### 5. ਜੇਕਰ ਮੈਂ ਇੱਕ ਸੁਤੰਤਰ ਠੇਕੇਦਾਰ ਹਾਂ ਤਾਂ ਮੈਨੂੰ ਆਪਣੀ ਅਖੀਰਲੀ ਤਨਖਾਹ ਲੈਣ ਲਈ ਕੀ ਕਰਨਾ ਚਾਹੀਦਾ ਹੈ?

ਧਿਆਨ ਦਿਓ ਕਿ ਜੇਕਰ ਤੁਸੀਂ ਇੱਕ ਅਸਲ ਸੁਤੰਤਰ ਠੇਕੇਦਾਰ ਹੋ, ਤਾਂ ਇਹ ਰਾਜ (ਸਟੇਟ) ਦੇ ਕਾਨੂੰਨ ਲਾਗੂ ਨਹੀਂ ਹੁੰਦੇ। ਉਸ ਸਥਿਤੀ ਵਿੱਚ, ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਭੁਗਤਾਨ ਸੰਬੰਧੀ ਆਪਣੇ ਇਕਰਾਰਨਾਮੇ ਦੀਆਂ ਸ਼ਰਤਾਂ ਦੀ ਜਾਂਚ ਕਰੋ।

ਹਾਲਾਂਕਿ, ਬਹੁਤ ਸਾਰੇ ਲੋਕ ਜਿਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਉਹ "ਸੁਤੰਤਰ ਠੇਕੇਦਾਰ" ਹਨ, ਅਸਲ ਵਿੱਚ ਕੈਲੀਫੋਰਨੀਆ ਦੇ ਕਾਨੂੰਨ ਅਧੀਨ ਕਰਮਚਾਰੀ ਹੁੰਦੇ ਹਨ। ਇਸਨੂੰ "ਗਲਤ ਵਰਗੀਕਰਨ" ਕਿਹਾ ਜਾਂਦਾ ਹੈ। ਗਲਤ ਵਰਗੀਕਰਨ ਉਦੋਂ ਹੁੰਦਾ ਹੈ ਜਦੋਂ ਕੋਈ ਮਾਲਕ ਰਾਜ (ਸਟੇਟ) ਦੇ ਰੁਜ਼ਗਾਰ ਕਾਨੂੰਨਾਂ ਦੀ ਪਾਲਣਾ ਕਰਨ ਤੋਂ ਬਚਣ ਲਈ ਕਰਮਚਾਰੀਆਂ ਨਾਲ ਸੁਤੰਤਰ ਠੇਕੇਦਾਰਾਂ ਵਾਂਗ ਵਿਵਹਾਰ ਕਰਦਾ ਹੈ। ਜੇਕਰ ਭਰਤੀ ਕਰਨ ਵਾਲੀ ਪਾਰਟੀ ਤੁਹਾਡੇ ਕੰਮ ਕਰਨ ਦੇ

ਤਰੀਕੇ 'ਤੇ ਨਿਯੰਤਰਣ ਰੱਖਦੀ ਹੈ ਤਾਂ ਤੁਹਾਡਾ ਗਲਤ ਤਰੀਕੇ ਨਾਲ ਵਰਗੀਕਰਨ ਕੀਤਾ ਗਿਆ ਹੋ ਸਕਦਾ ਹੈ।

**ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਗਲਤ ਤਰੀਕੇ ਨਾਲ** ਵਰਗੀਕਰਨ ਕੀਤਾ ਗਿਆ ਹੈ, ਤਾਂ

ਕਿਰਪਾ ਕਰਕੇ ਲੇਬਰ ਕਮਿਸ਼ਨਰ ਦਫ਼ਤਰ ਨਾਲ ਸੰਪਰਕ ਕਰੋ ਅਤੇ ਤਨਖਾਹ ਦਾ ਦਾਅਵਾ ਦਾਇਰ ਕਰਨ ਬਾਰੇ ਵਿਚਾਰ ਕਰੋ। ਕੈਲੀਫੋਰਨੀਆ ਲੇਬਰ ਕਮਿਸ਼ਨਰ ਦਫ਼ਤਰ ਕੋਲ ਦਾਅਵਾ ਦਾਇਰ ਕਰਨ ਲਈ ਤੁਹਾਨੂੰ ਕਿਸੇ ਵਕੀਲ ਦੀ ਲੋੜ ਨਹੀਂ ਹੈ। ਦਾਅਵਾ ਦਾਇਰ ਕਰਨ ਬਾਰੇ ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ। ਤੁਹਾਡੇ ਕੋਲ ਆਮ ਤੌਰ 'ਤੇ ਆਪਣੀ ਨਾ ਮਿਲੀ ਹੋਈ ਤਨਖਾਹ ਲਈ ਦਾਅਵਾ ਦਾਇਰ ਕਰਨ ਲਈ ਤਿੰਨ ਸਾਲ ਤੱਕ ਦਾ ਸਮਾਂ ਹੁੰਦਾ ।

## 6. ਜੇਕਰ ਮੈਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੋਵੇ ਤਾਂ ਮੈਂ ਤਨਖਾਹ (ਚੈੱਕ) ਕਿਵੇਂ ਕੈਸ਼ ਕਰਵਾ ਸਕਦਾ/ਸਕਦੀ ਹਾਂ?

ਜੇਕਰ ਤੁਸੀਂ ਅਮਰੀਕਾ ਤੋਂ ਬਾਹਰ ਆਪਣਾ ਚੈੱਕ ਕੈਸ਼ ਕਰਨਾ ਚਾਹੁੰਦੇ ਹੋ ਤਾਂ ਅਤੇ ਜੇਕਰ ਤੁਹਾਡੇ ਕੋਲ ਅਜੇ ਵੀ ਆਪਣੇ ਅਮਰੀਕੀ ਬੈਂਕ ਖਾਤੇ ਤੱਕ ਪਹੁੰਚ ਹੈ ਤਾਂ ਤੁਸੀਂ ਵਰਚੁਅਲੀ (ਔਨਲਾਇਨ) ਅਜਿਹਾ ਕਰ ਸਕਦੇ ਹੋ। ਵਿਕਲਪਕ ਤੌਰ 'ਤੇ, ਤੁਹਾਨੂੰ ਇੱਕ ਅਜਿਹਾ ਬੈਂਕ ਲੱਭਣਾ ਹੋਵੇਗਾ ਜੋ ਕਿ ਅਮਰੀਕਾ ਦੇ ਬੈਂਕ ਦੇ ਚੈੱਕ ਸਵੀਕਾਰ ਕਰਦਾ ਹੋਵੇ ਜਾਂ ਚੈੱਕ-ਕੈਸ਼ਿੰਗ ਸੇਵਾ ਦੀ ਸਹੂਲਤ ਦਿੰਦਾ ਹੋਵੇ। ਕੁਝ ਬੈਂਕ ਤੁਹਾਨੂੰ ਚੈੱਕ ਕਿਸੇ ਹੋਰ ਲਈ ਦਸਤਖਤ ਕਰਨ ਦੀ ਵੀ ਇਜਾਜ਼ਤ ਦੇ ਸਕਦੇ ਹਨ ਤਾਂ ਜੋ ਉਹ ਤੁਹਾਡੇ ਵੱਲੋਂ/ਲਈ ਚੈੱਕ ਕੈਸ਼ ਕਰ ਸਕਣ; ਇਸਨੂੰ "ਤੀਜੀ-ਧਿਰ ਚੈੱਕ" ਕਿਹਾ ਜਾਂਦਾ ਹੈ। ਅਸੀਂ ਸੁਝਾਅ ਦਿੰਦੇ ਹਾਂ ਕਿ ਤੁਸੀਂ ਆਪਣੇ ਬੈਂਕ ਨੂੰ ਪਹਿਲਾਂ ਤੋਂ ਪੁੱਛੋ ਕਿ ਕੀ ਉਹ "ਤੀਜੀ-ਧਿਰ ਚੈੱਕ" ਸਵੀਕਾਰ ਕਰਦੇ ਹਨ ਜਾਂ ਨਹੀਂ।

**ਇਸ ਵਿਸ਼ੇ 'ਤੇ ਹੋਰ ਜਾਣਕਾਰੀ ਇਸ** ਪੰਨੇ 'ਤੇ, ਦਿੱਤੀ ਗਈ ਹੈ ਅਤੇ "ਅੰਤਰਰਾਸ਼ਟਰੀ ਚੈੱਕ ਕੈਸ਼ਿੰਗ

ਬਰੋਸ਼ਰ" ਦੇ ਅਧੀਨ ਵੀ ਮਿਲ ਸਕਦੀ ਹੈ।

**ਨਮੂਨਾ ਪੱਤਰ #1**

**ਅਖੀਰਲੀ ਤਨਖਾਹ ਦੀ ਡਾਕ ਰਾਹੀਂ ਬੇਨਤੀ ਕਰਨ ਲਈ**

**[ਤਰੀਕ]**

**ਮਾਲਕ ਦਾ ਨਾਮ**

**ਮਾਲਕ ਦਾ ਪਤਾ**

**ਸ਼ਹਿਰ, ਰਾਜ (ਸਟੇਟ), ਜ਼ਿਪ ਕੋਡ]**

**ਮੁੜ:[ਕਰਮਚਾਰੀ ਦਾ ਨਾਮ] ਲਈ ਅੰਤਿਮ ਤਨਖਾਹ ਚੈੱਕ, [ਕਰਮਚਾਰੀ ਆਈਡੀ, ਜੇਕਰ ਲਾਗੂ ਹੋਵੇ]**

**ਸ੍ਰੀਮਾਨ/ਸ੍ਰੀਮਤੀ ਜੀ [ਮਾਲਕ],**

**ਕਿਰਪਾ ਕਰਕੇ ਬਾਕੀ ਬਚੀ ਹੋਈ ਤਨਖਾਹਾਂ ਜਮ੍ਹਾਂ ਕਰਵਾਓ ਜੋ ਕਿ ਤੁਹਾਡੇ ਵੱਲ ਬਕਾਇਆ ਹਨ:**

**[ਕਰਮਚਾਰੀ ਦਾ ਨਾਮ]**

**ਦੇਖਭਾਲ [ਤੁਹਾਡਾ ਚੈੱਕ ਲੈਣ ਕਰਨ ਲਈ ਅਧਿਕਾਰਤ ਵਿਅਕਤੀ ਦਾ ਨਾਮ]**

**ਪਤਾ**

**ਸ਼ਹਿਰ, ਰਾਜ (ਸਟੇਟ), ਜ਼ਿਪ ਕੋਡ]**

ਕਿਰਪਾ ਕਰਕੇ ਧਿਆਨ ਦਿਓ ਕਿ ਕੈਲੀਫੋਰਨੀਆ ਵਿੱਚ, ਜੇਕਰ ਕਿਸੇ ਕਰਮਚਾਰੀ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ ਜਾਂ ਉਹ ਅਸਤੀਫਾ ਦੇ ਦਿੰਦਾ/ਦਿੰਦੀ ਹੈ, ਤਾਂ ਸਾਰੀਆਂ ਬਕਾਇਆ ਤਨਖਾਹਾਂ ਦਾ ਭੁਗਤਾਨ ਤੁਰੰਤ ਕੀਤਾ ਜਾਣਾ ਚਾਹੀਦਾ ਹੈ ਨਹੀਂ ਤਾਂ ਕਰਮਚਾਰੀ ਨੂੰ ਜੁਰਮਾਨਾ ਹੋ ਸਕਦਾ ਹੈ। (ਲੈਬ. ਕੋਡ § 203.)

ਜੇਕਰ ਮੇਰੀ ਅਖੀਰਲੀ ਤਨਖਾਹ ਦੇ ਸੰਬੰਧ ਵਿੱਚ ਹੋਰ ਤਾਲਮੇਲ (ਗੱਲਬਾਤ ਕਰਨ)  ਦੀ ਲੋੜ ਹੈ, ਤਾਂ ਕਿਰਪਾ ਕਰਕੇ [ਅਧਿਕਾਰਤ ਵਿਅਕਤੀ ਦਾ ਨਾਮ ਅਤੇ ਸੰਪਰਕ ਜਾਣਕਾਰੀ] ਨਾਲ ਸੰਪਰਕ ਕਰੋ।

ਤੁਹਾਡੀ ਮਦਦ ਲਈ ਧੰਨਵਾਦ।

**ਆਪ ਜੀ ਦਾ ਸ਼ੁਭਚਿੰਤਕ,**

**[ਕਰਮਚਾਰੀ ਦੇ ਦਸਤਖਤ]**

**[ਛਪਿਆ ਹੋਇਆ ਕਰਮਚਾਰੀ ਦਾ ਨਾਮ]**

**ਨਮੂਨਾ ਪੱਤਰ #2**

**ਅਖੀਰਲੀ ਤਨਖਾਹ ਦੀ ਵਿਅਕਤੀਗਤ ਤੌਰ 'ਤੇ ਪਿਕ-ਅੱਪ (ਆਪ ਆ ਕੇ ਲੈਣ) ਦੀ ਬੇਨਤੀ ਲਈ**

**[ਤਰੀਕ]**

**[ਮਾਲਕ ਦਾ ਨਾਮ**

**ਮਾਲਕ ਦਾ ਪਤਾ**

**ਸ਼ਹਿਰ, ਰਾਜ (ਸਟੇਟ), ਜ਼ਿਪ ਕੋਡ]**

**ਮੁੜ:[ਕਰਮਚਾਰੀ ਦਾ ਨਾਮ] ਲਈ ਅਖੀਰਲੀ ਤਨਖਾਹ, [ਕਰਮਚਾਰੀ ਆਈਡੀ, ਜੇਕਰ ਲਾਗੂ ਹੋਵੇ]**

**ਸ੍ਰੀਮਾਨ/ਸ੍ਰੀਮਤੀ ਜੀ [ਮਾਲਕ],**

ਮੈਂ [ਆਪਣਾ ਚੈੱਕ ਚੁੱਕਣ ਲਈ ਅਧਿਕਾਰਤ ਵਿਅਕਤੀ ਦਾ ਨਾਮ] ਨੂੰ ਆਮ ਕੰਮਕਾਜੀ ਘੰਟਿਆਂ ਦੌਰਾਨ ਆਪਣੇ ਨਿਯਮਤ ਕੰਮ ਵਾਲੀ ਥਾਂ 'ਤੇ ਨਿੱਜੀ ਤੌਰ 'ਤੇ ਮੇਰੀ ਤਨਖਾਹ ਲੈਣ ਦਾ ਅਧਿਕਾਰ ਦੇ ਰਿਹਾ ਹਾਂ।

ਕਿਰਪਾ ਕਰਕੇ ਧਿਆਨ ਦਿਓ ਕਿ ਕੈਲੀਫੋਰਨੀਆ ਵਿੱਚ, ਜੇਕਰ ਕਿਸੇ ਕਰਮਚਾਰੀ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ ਜਾਂ ਉਹ ਅਸਤੀਫਾ ਦੇ ਦਿੰਦਾ/ਦਿੰਦੀ ਹੈ, ਤਾਂ ਸਾਰੀ ਬਕਾਇਆ ਰਾਸ਼ੀ/ਤਨਖਾਹਾਂ ਦਾ ਭੁਗਤਾਨ ਤੁਰੰਤ ਕੀਤਾ ਜਾਣਾ ਚਾਹੀਦਾ ਹੈ ਨਹੀਂ ਤਾਂ ਕਰਮਚਾਰੀ ਨੂੰ ਜੁਰਮਾਨਾ ਹੋ ਸਕਦਾ ਹੈ। (ਲੈਬ. ਕੋਡ § 203.)

ਜੇਕਰ ਮੇਰੀ ਅਖੀਰਲੀ ਤਨਖਾਹ ਦੇ ਸੰਬੰਧ ਵਿੱਚ ਹੋਰ ਤਾਲਮੇਲ (ਗੱਲਬਾਤ ਕਰਨ)  ਦੀ ਲੋੜ ਹੈ, ਤਾਂ ਕਿਰਪਾ ਕਰਕੇ [ਅਧਿਕਾਰਤ ਵਿਅਕਤੀ ਦਾ ਨਾਮ ਅਤੇ ਸੰਪਰਕ ਜਾਣਕਾਰੀ] ਨਾਲ ਸੰਪਰਕ ਕਰੋ।

ਤੁਹਾਡੀ ਮਦਦ ਲਈ ਧੰਨਵਾਦ।

**ਆਪ ਜੀ ਦਾ ਸ਼ੁਭਚਿੰਤਕ,**

**[ਕਰਮਚਾਰੀ ਦੇ ਦਸਤਖਤ]**

**[ਛਪਿਆ ਹੋਇਆ ਕਰਮਚਾਰੀ ਦਾ ਨਾਮ]**